ਸੇਠ ਟੈਲੀਕਾਮ 'ਤੇ ਗੋਲੀਆਂ ਚਲਾਉਣ ਵਾਲਾ ਪੁਲਿਸ ਮੁਕਾਬਲੇ 'ਚ ਜ਼ਖ਼ਮੀ

ਪੰਜਾਬ ਅੰਦਰੋਂ ਗੈਂਗਸਟਰਾਂ ਦਾ ਨਾਮੋ-ਨਿਸ਼ਾਨ ਮਿਟਾ ਦੇਵੇਗੀ ਪੁਲਿਸ : ਡੀ.ਆਈ.ਜੀ. ਸੰਦੀਪ ਗੋਇਲ

ਪ੍ਰੈੱਸ ਕਾਨਫਰੰਸ ਦੌਰਾਨ ਜਾਣਕਾਰੀ ਦਿੰਦੇ ਡੀ.ਆਈ.ਜੀ. ਬਾਰਡਰ ਰੇਂਜ ਸ੍ਰੀ ਸੰਦੀਪ ਗੋਇਲ, ਨਾਲ ਐੱਸ.ਐੱਸ.ਪੀ. ਬਟਾਲਾ ਡਾ. ਮਹਿਤਾਬ ਸਿੰਘ। ਤਸਵੀਰ : ਜਤਿੰਦਰ ਕੱਦ

ਮੁਕਾਬਲੇ ਵਾਲੀ ਜਗ੍ਹਾ 'ਤੇ ਛਾਣਬੀਣ ਕਰਦੀ ਪੁਲਿਸ ਪਾਰਟੀ ਤੇ ਹਾਸ਼ੀਏ 'ਚ ਨੌਜਵਾਨ ਕੋਲੋਂ ਬਰਾਮਦ ਹੋਇਆ ਪਿਸਤੌਲ। ਤਸਵੀਰ : ਹੀਰਾ ਸਿੰਘ ਮਾਂਗਟ

ਬਟਾਲਾ/ਡੇਰਾ ਬਾਬਾ ਨਾਨਕ, 27 ਨਵੰਬਰ (ਸਤਿੰਦਰ ਸਿੰਘ, ਹੀਰਾ ਸਿੰਘ ਮਾਂਗਟ)- ਬਟਾਲਾ ਪੁਲਿਸ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ, ਜਦੋਂ ਇਕ ਮੁਕਾਬਲੇ ਦੌਰਾਨ ਨਿਸ਼ਾਨ ਜੋੜੀਆਂ ਗੈਂਗ ਨਾਲ ਸਬੰਧਿਤ ਸ਼ੂਟਰ ਨੂੰ ਪੁਲਿਸ ਵਲੋਂ ਕਾਬੂ ਕੀਤਾ ਗਿਆ। ਇਸ ਸੰਬੰਧੀ ਡੀ.ਆਈ.ਜੀ. ਬਾਰਡਰ ਰੇਂਜ ਸ੍ਰੀ ਸੰਦੀਪ ਗੋਇਲ ਨੇ ਬਟਾਲਾ 'ਚ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ ਪਿਛਲੇ ਦਿਨੀਂ ਬਟਾਲਾ ਵਿਖੇ ਸੇਠ ਟੈਲੀਕਾਮ ਵਿਖੇ ਗੋਲੀਆਂ ਚਲਾਉਣ ਵਾਲੇ ਵਿਅਕਤੀਆਂ 'ਚੋਂ ਇਕ ਨੂੰ ਪੁਲਿਸ ਵਲੋਂ ਮੁਕਾਬਲੇ ਦੌਰਾਨ ਕਾਬੂ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਪੁਲਿਸ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਜਿਸ ਨੌਜਵਾਨ ਨੇ ਸੇਠ ਟੈਲੀਕਾਮ 'ਤੇ ਗੋਲੀਆਂ ਚਲਾਈਆਂ ਹਨ, ਉਹ ਕਿਸੇ ਹੋਰ ਵਾਰਦਾਤ ਨੂੰ ਅੰਜਾਮ ਦੇਣ ਲਈ ਜਾ ਰਿਹਾ ਹੈ ਜਿਸ ਨੂੰ ਪੁਲਿਸ ਨੇ ਸ਼ਾਹਪੁਰ ਜ਼ਾਜਨ ਵਿਖੇ ਘੇਰਾ ਪਾਇਆ ਜਿਸ ਦੌਰਾਨ ਸ਼ੂਟਰ ਕਮਲਜੀਤ ਸਿੰਘ ਉਰਫ ਲਵਜੀਤ ਵਾਸੀ ਵੈਰੋਵਾਲ ਵਲੋਂ ਪੁਲਿਸ ਪਾਰਟੀ ਉਪਰ ਗੋਲੀਆਂ ਚਲਾ ਦਿੱਤੀਆਂ ਗਈਆਂ ਜਿਸ 'ਤੇ ਜਵਾਬੀ ਕਾਰਵਾਈ ਕਰਦੇ ਹੋਏ ਪੁਲਿਸ ਵਲੋਂ ਵੀ ਗੋਲੀਆਂ ਚਲਾਈਆਂ ਗਈਆਂ, ਜਿਸ ਦੌਰਾਨ ਉਕਤ ਸ਼ੂਟਰ ਜਖਮੀ ਹੋ ਗਿਆ। ਡੀ.ਆਈ.ਜੀ. ਬਾਰਡਰ ਰੇਂਜ ਨੇ ਦੱਸਿਆ ਕਿ ਫੜਿਆ ਗਿਆ ਸ਼ੂਟਰ ਨਿਸ਼ਾਨ ਜੋੜੀਆਂ ਗੈਂਗ ਨਾਲ ਸੰਬੰਧਿਤ ਹੈ, ਜਿਨ੍ਹਾਂ ਨੇ ਸੇਠ ਟੈਲੀਕਾਮ ਦੇ ਮਾਲਕ ਗੌਤਮ ਸੇਠ ਗੁੱਡੂ ਕੋਲੋਂ 2 ਕਰੋੜ ਰੁਪਏ ਦੀ ਫਿਰੌਤੀ ਮੰਗੀ ਸੀ ਜਿਸ ਦੇ ਬਦਲੇ ਗੋਲੀਆਂ ਚਲਾਈਆਂ ਸਨ। ਇਸ ਮੌਕੇ ਐੱਸ.ਐੱਸ.ਪੀ. ਬਟਾਲਾ ਡਾ. ਮਹਿਤਾਬ ਸਿੰਘ ਨੇ ਕਿਹਾ ਕਿ ਬਟਾਲਾ ਪੁਲਿਸ ਲੋਕਾਂ ਦੀ ਸੁਰੱਖਿਆ ਲਈ ਹਰ ਸਮੇਂ ਚੌਕਸ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੇ ਸਹਿਯੋਗ ਨਾਲ ਹੀ ਜੁਰਮ ਨੂੰ ਖਤਮ ਕੀਤਾ ਜਾ ਸਕਦਾ ਹੈ। ਇਸ ਲਈ ਮੇਰੀ ਲੋਕਾਂ ਨੂੰ ਇਹ ਅਪੀਲ ਹੈ ਕਿ ਉਨ੍ਹਾਂ ਨੂੰ ਕਿਸੇ ਅਪਰਾਧੀ ਬਾਰੇ ਕਿਸੇ ਵੀ ਤਰ੍ਹਾਂ ਦੀ ਸੂਚਨਾ ਮਿਲੇ ਤਾਂ ਪੁਲਿਸ ਨਾਲ ਸਾਂਝੀ ਕੀਤੀ ਜਾਵੇ। ਇਸ ਮੌਕੇ ਐੱਸ.ਪੀ. ਜੀ.ਐੱਸ. ਸਹੋਤਾ, ਡੀ.ਐੱਸ.ਪੀ. ਸੰਜੀਵ ਕੁਮਾਰ, ਡੀ.ਐੱਸ.ਪੀ. ਡੇਰਾ ਬਾਬਾ ਨਾਨਕ ਜੋਗਾ ਸਿੰਘ, ਐੱਸ.ਐੱਚ.ਓ. ਹਰਜਿੰਦਰ ਸਿੰਘ, ਐੱਸ.ਐੱਚ.ਓ. ਅਸ਼ੋਕ ਕੁਮਾਰ, ਸੀ.ਆਈ.ਏ. ਸਟਾਫ ਦੇ ਇੰਚਾਰਜ ਇੰਸਪੈਕਟਰ ਸੁਖਰਾਜ ਸਿੰਘ ਵੀ ਮੌਜੂਦ ਸਨ।

ਕੇਂਦਰ ਵਲੋਂ ਵਾਰ-ਵਾਰ ਪੰਜਾਬ ਦੇ ਹੱਕਾਂ 'ਤੇ ਡਾਕਾ ਮਾਰਨਾ ਅਤਿ ਨਿੰਦਣਯੋਗ : ਜਸਪ੍ਰੀਤ, ਇੰਦਰਜੀਤ

ਕਿਹਾ, ਪੰਜਾਬੀਆਂ ਦੀਆਂ ਕੁਰਬਾਨੀਆਂ ਨੂੰ ਕਿਉਂ ਭੁੱਲ ਰਹੀ ਸਰਕਾਰ

ਜਸਪ੍ਰੀਤ ਸਿੰਘ, ਇੰਦਰਜੀਤ ਸਿੰਘ

ਬਟਾਲਾ, 27 ਨਵੰਬਰ (ਸਤਿੰਦਰ ਸਿੰਘ)- ਹਰ ਦਿਨ ਪੰਜਾਬ 'ਚ ਚੜ੍ਹੀ ਸਵੇਰੇ ਭਾਰਤ ਦੀ ਕੇਂਦਰ ਸਰਕਾਰ ਵਲੋਂ ਕੋਈ ਨਵਾਂ ਫੁਰਮਾਨ ਜਾਰੀ ਕਰ ਕੇ ਪੰਜਾਬੀਆਂ ਦੇ ਹੱਕ 'ਤੇ ਡਾਕਾ ਮਾਰਿਆ ਜਾ ਰਿਹਾ ਹੈ। ਪਹਿਲਾਂ ਪਾਣੀ ਤੇ ਫਿਰ ਹੁਣ ਪੰਜਾਬੀ ਯੂਨੀਵਰਸਿਟੀ ਨੂੰ ਆਪਣੇ ਕਬਜ਼ੇ ਵਿਚ ਲੈਣ ਦੀ ਤਿਆਰੀ ਅਤੀ ਨਿੰਦਣਯੋਗ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਨੌਜਵਾਨ ਸਰਪੰਚ ਨੈਸ਼ਨਲ ਐਵਾਰਡੀ ਜਸਪ੍ਰੀਤ ਸਿੰਘ ਅਰਲੀਭੰਨ ਅਤੇ ਸਰਪੰਚ ਇੰਦਰਜੀਤ ਸਿੰਘ ਸ਼ਾਹਪੁਰ ਨੇ ਕੀਤਾ। ਉਨ੍ਹਾਂ ਕਿਹਾ ਕਿ ਦੇਸ਼ ਨੂੰ ਆਜ਼ਾਦ ਕਰਵਾਉਣ 'ਚ 90 ਫ਼ੀਸਦੀ ਪੰਜਾਬੀਆਂ ਦੀਆਂ ਕੁਰਬਾਨੀਆਂ ਨੂੰ ਇਹ ਸਿਆਸਤਦਾਨ ਕਿਵੇਂ ਭੁੱਲ ਰਹੇ ਹਨ। ਅੱਜ ਜੇ ਅੰਤਰਰਾਸ਼ਟਰੀ ਪੱਧਰ 'ਤੇ ਚਰਚਾ ਹੁੰਦੀ ਹੈ ਤਾਂ ਪੰਜਾਬੀਆਂ ਦਾ ਨਾਂਅ ਕੁਰਬਾਨੀਆਂ ਲਈ ਸਭ ਤੋਂ ਉਪਰ ਆਉਂਦਾ ਹੈ। ਇਸ ਸਮੇਂ ਹੁਣ ਸਾਨੂੰ ਸਾਰੇ ਪੰਜਾਬੀਆਂ ਨੂੰ ਇਕ ਪਲੇਟਫਾਰਮ 'ਤੇ ਇਕੱਠੇ ਹੋ ਕੇ ਧੱਕੇ ਵਿਰੁੱਧ ਖੜਨਾ ਚਾਹੀਦਾ ਹੈ। ਇਸ ਮੌਕੇ ਧਰਮਜੋਤ ਸਿੰਘ ਸਰਪੰਚ, ਸਤਨਾਮ ਸਿੰਘ ਮੀਆਂਕੋਟ ਸਰਪੰਚ, ਸਾਬਕਾ ਸਰਪੰਚ ਰਾਜਿੰਦਰ ਸਿੰਘ, ਗੁਰਪ੍ਰੀਤ ਸਿੰਘ ਅਰਲੀਭੰਨ, ਸੁਰਿੰਦਰਪਾਲ ਸਿੰਘ ਸਰਪੰਚ ਦੂਲਾਨੰਗਲ, ਸੁਰਿੰਦਰ ਸਿੰਘ ਲਾਡਾ, ਇੰਦਰਜੀਤ ਸਿੰਘ ਗੋਲਡੀ ਭੰਮਰਾ ਆਦਿ ਹਾਜ਼ਰ ਸਨ।

ਪਿੰਡ ਭੰਗਵਾਂ ਦੇ ਜੰਮਪਲ ਨਿਰਮਲ ਸਿੰਘ ਭੰਗੂ ਲੋਕ ਨਿਰਮਾਣ ਵਿਭਾਗ ਦੇ ਐਕਸੀਅਨ ਬਣੇ

ਇਲਾਕੇ 'ਚ ਖੁਸ਼ੀ ਦੀ ਲਹਿਰ

ਬਟਾਲਾ, 27 ਨਵੰਬਰ (ਸਤਿੰਦਰ ਸਿੰਘ)- ਸਰਹੱਦੀ ਬਲਾਕ ਕਲਾਨੌਰ ਅਧੀਨ ਆਉਂਦੇ ਪਿੰਡ ਭੰਗਵਾਂ ਦੇ ਜੰਮਪਲ ਇੰਜੀਨੀਅਰ ਨਿਰਮਲ ਸਿੰਘ ਭੰਗੂ ਵਲੋਂ ਪਦਉਨਤ ਹੋਣ 'ਤੇ ਕਾਰਜਕਾਰੀ ਇੰਜੀਨੀਅਰ ਲੋਕ ਨਿਰਮਾਣ ਵਿਭਾਗ ਬਟਾਲਾ ਦਾ ਚਾਰਜ ਸੰਭਾਲਣ 'ਤੇ ਉਨ੍ਹਾਂ ਦੇ ਜੱਦੀ ਪਿੰਡ ਭੰਗਵਾਂ ਤੋਂ ਇਲਾਵਾ ਆਸ-ਪਾਸ ਦੇ ਪਿੰਡਾਂ ਤੇ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਤੇ ਕਰਮਚਾਰੀਆਂ 'ਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਦੱਸਣਯੋਗ ਹੈ ਕਿ ਪਿੰਡ ਭੰਗਵਾਂ ਦੇ ਜੰਮਪਲ ਨਿਰਮਲ ਸਿੰਘ ਭੰਗੂ ਜਿੱਥੇ ਪਿਛਲੇ 34 ਸਾਲਾਂ ਤੋਂ ਲੋਕ ਨਿਰਮਾਣ ਵਿਭਾਗ ਵਿਚ ਵੱਖ-ਵੱਖ ਅਹੁਦਿਆਂ 'ਤੇ ਰਹਿ ਕੇ ਸੇਵਾ ਨਿਭਾ ਰਹੇ ਹਨ ਉੱਥੇ ਸਮਾਜ ਭਲਾਈ ਦੇ ਕੰਮਾਂ ਤੋਂ ਇਲਾਵਾ ਧਾਰਮਿਕ ਸਮਾਗਮਾਂ ਨੂੰ ਕਰਵਾਉਣ 'ਚ ਆਪਣਾ ਅਹਿਮ ਯੋਗਦਾਨ ਪਾ ਰਹੇ ਹਨ। ਇਸ ਤੋਂ ਇਲਾਵਾ ਨਿਰਮਲ ਸਿੰਘ ਭੰਗੂ ਦਾ ਕੋਰੋਨਾ ਮਹਾਂਮਾਰੀ ਦੌਰਾਨ ਨਿਭਾਈਆਂ ਗਈਆਂ ਸੇਵਾਵਾਂ ਬਦੌਲਤ ਉਸ ਸਮੇਂ ਦੇ ਡਿਪਟੀ ਕਮਿਸ਼ਨਰ ਇਸਫਾਕ ਮੁਹੰਮਦ ਵਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ ਸੀ। ਲੋਕ ਨਿਰਮਾਣ ਵਿਭਾਗ ਦੇ ਐਕਸੀਅਨ ਬਣੇ ਨਿਰਮਲ ਸਿੰਘ ਭੰਗੂ ਵਲੋਂ ਲੋਕ ਨਿਰਮਾਣ ਵਿਭਾਗ ਦੇ ਮੰਤਰੀ ਹਰਭਜਨ ਸਿੰਘ ਈ.ਟੀ.ਓ. ਦੇ ਹਲਕੇ 'ਚ ਮਹਿਕਮੇ ਪ੍ਰਤੀ ਸ਼ਾਨਦਾਰ ਸੇਵਾਵਾਂ ਸੇਵਾ ਨਿਭਾ ਰਹੇ ਸੀ ਤੇ ਪਦਉਨਤ ਹੋਣ ਉਪਰੰਤ ਅੱਜ ਉਨ੍ਹਾਂ ਨੇ ਐਕਸੀਅਨ ਲੋਕ ਨਿਰਮਾਣ ਵਿਭਾਗ ਬਟਾਲਾ ਦਾ ਚਾਰਜ ਸੰਭਾਲ ਲਿਆ ਹੈ। ਇਸ ਮੌਕੇ ਸਤਨਾਮ ਸਿੰਘ ਧਨੋਆ ਯੂਨੀਅਨ ਲੀਡਰ, ਬਲਦੇਵ ਸਿੰਘ ਨਿਗਰਾਨ ਇੰਜੀਨੀਅਰ, ਹਰਜੋਤ ਸਿੰਘ ਨਿਗਰਾਨ ਇੰਜੀਨੀਅਰ, ਹਰਸਿਮਰਨ ਸਿੰਘ ਰਿਆੜ ਬਿਡਆਲ ਸੁਪਰਡੈਂਟ, ਐਕਸੀਅਨ ਜਸਪ੍ਰੀਤ ਸਿੰਘ ਵਿਰਮੀ, ਐਸ.ਡੀ.ਓ. ਸੋਹਲ, ਐਸ.ਡੀ.ਓ. ਬਲਵਿੰਦਰ ਸਿੰਘ, ਐਸ.ਡੀ.ਓ. ਕਵਲਜੀਤ ਸਿੰਘ, ਐਸ.ਡੀ.ਓ. ਪਰਮਿੰਦਰ ਹਰਪ੍ਰੀਤ ਸਿੰਘ, ਮੋਹਿਤ ਕਪੂਰ, ਰਘਬੀਰ ਸਿੰਘ ਬਡਵਾਲ ਪ੍ਰਧਾਨ ਮਨਿਸਟਰੀਅਲ ਐਸੋਸੀਏਸ਼ਨ ਪੰਜਾਬ, ਨਰੇਸ਼ ਕੁਮਾਰ ਐਸ.ਡੀ.ਐਮ., ਹਰਸਿਮਰਤ ਸਿੰਘ ਰਿਆੜ ਜੱਜ ਪਰਮਾਨੈਂਟ ਲੋਕ ਅਦਾਲਤ ਬਟਾਲਾ ਮੰਡਲਾਂ ਦੇ ਕਲਰਕ, ਡਰਾਇੰਗ ਕੇਡਰ ਦੇ ਸਟਾਫ ਵਲੋਂ ਵੀ ਵਧਾਈ ਦਿੱਤੀ ਗਈ।

ਨਿਰਮਲ ਸਿੰਘ ਭੰਗੂ ਨੂੰ ਐਕਸੀਅਨ ਵਜੋਂ ਅਹੁਦਾ ਸੰਭਾਲਣ 'ਤੇ ਸਨਮਾਨਿਤ ਕਰਦੀਆਂ ਸ਼ਖ਼ਸੀਅਤਾਂ। ਅਜੀਤ ਤਸਵੀਰ

ਜੇ.ਯੂ.ਐੱਸ.ਐੱਸ. ਮੈਮੋਰੀਅਲ ਸਕੂਲ ਸੇਖਵਾਂ ਦੇ ਵਿਦਿਆਰਥੀ ਧਾਰਮਿਕ ਸਥਾਨ ਦੇ ਟੂਰ ਦੌਰਾਨ। ਅਜੀਤ ਤਸਵੀਰ

ਜੇ.ਯੂ.ਐੱਸ.ਐੱਸ. ਮੈਮੋਰੀਅਲ ਸਕੂਲ ਸੇਖਵਾਂ ਦੇ ਵਿਦਿਆਰਥੀ ਧਾਰਮਿਕ ਟੂਰ 'ਤੇ ਲਗਾਇਆ

ਬਟਾਲਾ, 27 ਨਵੰਬਰ (ਸਤਿੰਦਰ ਸਿੰਘ)- ਜੇ.ਯੂ.ਐੱਸ.ਐੱਸ. ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਸੇਖਵਾਂ ਵਲੋਂ ਵਿਦਿਆਰਥੀਆਂ ਨੂੰ ਧਾਰਮਿਕ ਸਥਾਨਾਂ ਦਾ ਟੂਰ ਲਗਾਇਆ ਗਿਆ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350 ਸਾਲਾਂ ਸ਼ਹੀਦੀ ਪੁਰਬ ਨੂੰ ਸਮਰਪਿਤ ਹੁੰਦੇ ਹੋਏ ਸਭ ਤੋਂ ਪਹਿਲਾਂ ਗੁਰਦੁਆਰਾ ਬਾਬਾ ਬਕਾਲਾ ਸਾਹਿਬ ਵਿਖੇ ਲਿਜਾਇਆ ਗਿਆ ਉੱਥੇ ਵਿਦਿਆਰਥੀਆਂ ਨੂੰ ਸਿੱਖ ਅਜਾਇਬ ਘਰ ਵਿਖੇ ਲਿਜਾ ਕੇ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਤੇ ਉਨ੍ਹਾਂ ਨਾਲ ਸ਼ਹੀਦ ਹੋਏ ਸਿੰਘਾਂ ਦੀ ਸ਼ਹੀਦੀ ਬਾਰੇ ਜਾਣਕਾਰੀ ਦਿੱਤੀ। ਇਸ ਤੋਂ ਬਾਅਦ ਵਿਦਿਆਰਥੀਆਂ ਨੂੰ ਮੈਹਦੀਆਣਾ ਸਾਹਿਬ ਲਿਜਾਇਆ ਗਿਆ ਉੱਥੇ ਸ਼ਹੀਦ ਸਿੰਘਾਂ ਦੀਆਂ ਬਣੀਆਂ ਹੋਈਆਂ ਯਾਦਗਾਰਾਂ ਨੂੰ ਵਿਦਿਆਰਥੀਆਂ ਨੇ ਪੂਰੀ ਦਿਲਚਸਪੀ ਨਾਲ ਦੇਖਿਆ ਤੇ ਆਪਣੇ ਅਧਿਆਪਕਾਂ ਕੋਲੋਂ ਉਨ੍ਹਾਂ ਦੀ ਸ਼ਹੀਦੀ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਵਿਦਿਆਰਥੀਆਂ ਦੇ ਨਾਲ ਗਏ ਮੈਡਮ ਸਿਮਰਜੀਤ ਕੌਰ ਨੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਵਿਦਿਆਰਥੀਆਂ ਨੂੰ ਆਪਣੇ ਇਤਿਹਾਸ ਨਾਲ ਜੁੜੇ ਰਹਿਣ ਲਈ ਇਨ੍ਹਾਂ ਇਤਿਹਾਸਕ ਸਥਾਨਾਂ ਦੀ ਯਾਤਰਾ ਕਰਨੀ ਚਾਹੀਦੀ ਹੈ ਤੇ ਗੁਰੂ ਸਾਹਿਬਾਨਾਂ ਦੀ ਦਿੱਤੀ ਹੋਈ ਕੁਰਬਾਨੀ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ। ਵਾਪਸੀ ਮੌਕੇ ਵਿਦਿਆਰਥੀਆਂ ਨੂੰ ਜਲੰਧਰ ਵਿਖੇ ਬਣੀ ਹੋਈ ਪੁਰਾਤਨ ਹਵੇਲੀ ਦਾ ਟੂਰ ਲਗਾਇਆ ਗਿਆ। ਇਥੇ ਵਿਦਿਆਰਥੀਆਂ ਨੇ ਪੁਰਾਤਨ ਸੱਭਿਆਚਾਰਕ ਚੀਜ਼ਾਂ ਦਾ ਅਨੰਦ ਮਾਣਿਆ।

ਗ੍ਰਾਮ ਪੰਚਾਇਤ ਡੇਹਰੀਵਾਲ ਦਰੋਗਾ ਵਲੋਂ ਕੱਚੇ ਮਕਾਨਾਂ ਦੀ ਰਾਸ਼ੀ ਮਿਲਣ 'ਤੇ ਆਪ ਸਰਕਾਰ ਦਾ ਧੰਨਵਾਦ

ਡੇਹਰੀਵਾਲ ਦਰੋਗਾ, 27 ਨਵੰਬਰ (ਹਰਦੀਪ ਸਿੰਘ ਸੰਧੂ)- ਵਿਧਾਨ ਸਭਾ ਹਲਕਾ ਕਾਦੀਆ ਅਧੀਨ ਆਉਂਦੇ ਪਿੰਡ ਡੇਹਰੀਵਾਲ ਦਰੋਗਾ ਦੇ ਲਾਭਪਾਤਰੀਆਂ ਲੋੜਵੰਦ ਪਰਿਵਾਰਾਂ ਨੂੰ ਬੀਤੇ ਦਿਨੀਂ ਡੇਰਾ ਬਾਬਾ ਨਾਨਕ ਵਿਖੇ ਪੰਜਾਬ ਸਰਕਾਰ ਵਲੋਂ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਕੱਚੇ ਮਕਾਨਾਂ ਦੀ ਰਾਸ਼ੀ ਮਿਲਣ 'ਤੇ ਮੁੱਖ ਮੰਤਰੀ ਭਗਵੰਤ ਮਾਨ ਤੇ ਹਲਕਾ ਇੰਚਾਰਜ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸਰਪੰਚ ਜਗਤਾਰ ਸਿੰਘ ਡੇਹਰੀਵਾਲ ਦਰੋਗਾ, ਮਨਿੰਦਰਪਾਲ ਸਿੰਘ ਘੁੰਮਣ, ਪੰਚ ਬਿਕਰਮਜੀਤ ਸਿੰਘ ਧਾਲੀਵਾਲ, ਕੁਲਵੰਤ ਸਿੰਘ ਫੌਜੀ, ਬਲਜਿੰਦਰ ਕੌਰ ਪੰਚ, ਜਰਨੈਲ ਸਿੰਘ, ਮਾਈਕਲ ਮਸੀਹ ਪੰਚ, ਪਦਮ ਕੁਮਾਰ ਪੰਚ, ਮਾਸਟਰ ਵਰਿੰਦਰ ਕੁਮਾਰ ਨੇ ਕਿਹਾ ਕਿ 12 ਲਾਭਪਾਤਰੀਆਂ ਨੂੰ ਕੱਚੇ ਮਕਾਨਾਂ ਦੀਆਂ ਗ੍ਰਾਂਟਾਂ ਜਾਰੀ ਕੀਤੀਆਂ ਗਈਆਂ, ਜੋ ਕਿ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਰਹਿੰਦੇ ਲਾਭਪਾਤਰੀਆਂ ਨੂੰ ਭਰੋਸਾ ਦਵਾਇਆ ਕਿ ਆਉਣ ਵਾਲੇ ਦਿਨਾਂ ਉਨ੍ਹਾਂ ਨੂੰ ਗ੍ਰਾਂਟ ਜਾਰੀ ਕਰ ਦਿੱਤੀ ਜਾਵੇਗੀ।

Mata Gujri Memorial College of Education Balwanda Gurdaspur

Invites online applications for the post of Principal on regular basis (Un-aided post). (https://www.mgmcollegeofeducation.com/career) (kuldip.mgm@gmail.com). Qualification and Grade as per UGC/NCTE/Punjab Govt./GNDU norms. Reservation Policy will be as per Punjab Govt. rules. Candidates must submit online application within 07 days from the date of publication of advertisement i.e up to (date-28-11-2025). A copy of the application along with a demand draft of Rs. 1180/- (non-refundable) in favour of Registrar, Guru Nanak Dev University, Amritsar must also be sent to Dean, CDC, Guru Nanak Dev University, Amritsar within 07 days from the date of advertisement i.e. up to (date-04-12-2025) through Registered Post/by hand. Candidate must send the required documents along with the application as per the list available for Unaided Colleges in the CDC Portal on University website (www.gndu.ac.in). Incomplete application (without the required documents) 'or' the application received after due date will not be entertained.

Email id : padbpathankot1@gmail.com Phone : 0186-2221469

ਦੀ ਪਠਾਨਕੋਟ ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਲਿਮ. ਪਠਾਨਕੋਟ

ਆਮ ਇਜਲਾਸ ਲਈ ਸੂਚਨਾ ਨੋਟਿਸ

ਦੀ ਪਠਾਨਕੋਟ ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਲਿਮ. ਪਠਾਨਕੋਟ ਦੇ ਸਮੂਹ ਏ ਕਲਾਸ ਮੈਂਬਰਾਂ ਨੂੰ ਇਸ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਬੈਂਕ ਦਾ ਆਮ ਇਜਲਾਸ ਮਿਤੀ 12.12.2025 ਦਿਨ ਸ਼ੁੱਕਰਵਾਰ ਨੂੰ ਸਵੇਰੇ 12.00 ਵਜੇ ਹੋਟਲ ਕਲੇਰ ਰਿਜੌਂਸੀ, ਡਿਫੇਂਸ ਰੋਡ, ਪਠਾਨਕੋਟ ਵਿਖੇ ਹੋ ਰਿਹਾ ਹੈ। ਸਮੂਹ ਏ ਕਲਾਸ ਮੈਂਬਰਾਂ ਨੂੰ ਇਸ ਆਮ ਇਜਲਾਸ ਵਿਚ ਸਮੇਂ ਸਿਰ ਹਾਜ਼ਰ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ।

ਇਸ ਆਮ ਇਜਲਾਸ ਵਿਚ ਹੇਠ ਲਿਖਿਆ ਏਜੰਡਾ ਵਿਚਾਰਿਆ ਜਾਵੇਗਾ।

1. ਪਿਛਲੇ ਆਮ ਇਜਲਾਸ ਦੀ ਕਾਰਵਾਈ ਦੀ ਪੁਸ਼ਟੀ ਕਰਨ 'ਤੇ ਵਿਚਾਰ।
2. ਮਾਣਯੋਗ ਰਜਿਸਟਰਾਰ ਸਹਿਕਾਰੀ ਸਭਾਵਾਂ ਪੰਜਾਬ ਜੀ ਵਲੋਂ ਬੈਂਕ ਦੇ ਬਾਇਲਾਜ ਵਿਚ ਸਮੇਂ-ਸਮੇਂ ਕੀਤੀਆਂ ਸੋਧਾਂ ਦੀ ਪ੍ਰਵਾਨਗੀ ਦੇਣ 'ਤੇ ਵਿਚਾਰ।
3. ਬੈਂਕ ਦੀ ਵਿੱਤੀ ਸਾਲ 2024-25 ਦੀਆਂ ਸਲਾਨਾ ਰਿਪੋਰਟਾਂ, ਆਡਿਟ ਰਿਪੋਰਟਾਂ ਸਮੇਤ ਬੈਲੇਂਸ ਸ਼ੀਟਾਂ ਅਤੇ ਲਾਭ ਹਾਨੀ ਚਿੱਠਾ ਜੋ ਕਿ ਸਟੈਚੂਟਰੀ ਆਡੀਟਰ ਵਲੋਂ ਤਸਦੀਕ ਕੀਤਾ ਗਿਆ ਹੈ, ਨੂੰ ਵਾਚਣ ਅਤੇ ਪ੍ਰਵਾਨ ਕਰਨ 'ਤੇ ਵਿਚਾਰ।
4. ਬੈਂਕ ਦੇ ਸਾਲ 2024-25 ਦੌਰਾਨ ਬੈਂਕ ਦੇ ਕੰਮਕਾਜ ਸੰਬੰਧੀ ਕੀਤੇ ਗਏ ਖਰਚੇ ਪ੍ਰਵਾਨਗੀ 'ਤੇ ਵਿਚਾਰ।
5. ਐਸ.ਏ.ਡੀ.ਬੀ. ਚੰਡੀਗੜ੍ਹ ਦੀਆਂ ਹਦਾਇਤਾਂ ਨੂੰ ਮੁੱਖ ਰੱਖਦੇ ਹੋਏ ਬੈਂਕ ਦੇ ਅਗਲੇ ਤਿੰਨ ਸਾਲਾਂ ਤੱਕ ਸਟੈਚੂਟਰੀ ਆਡਿਟ ਕਰਵਾਉਣ ਲਈ ਚਾਰਟਰਡ ਅਕਾਊਂਟੈਂਟਾਂ ਦੇ ਪੈਨਲ ਵਿਚੋਂ ਇਕ ਦੀ ਚੋਣ ਕਰਨ 'ਤੇ ਵਿਚਾਰ।
6. ਆਮ ਇਜਲਾਸ ਕਰਵਾਉਣ 'ਤੇ ਹੋਏ ਖਰਚੇ ਨੂੰ ਪ੍ਰਵਾਨਗੀ ਦੇਣ 'ਤੇ ਵਿਚਾਰ।
7. ਬੈਂਕ ਦੇ ਸਾਲ 1.4.2024 ਤੋਂ 31.3.2025 ਤੱਕ ਦੇ ਲਾਭ/ਹਾਨੀ ਆਦਿ ਐਲੋਕੇਟ ਕਰਨ 'ਤੇ ਵਿਚਾਰ।
8. ਪਿਛਲੇ